ਕਪੂਰਥਲਾ ਅਜੀਤ
ਅਜੀਤ, ਜਲੰਧਰ
ਸੋਮਵਾਰ, 20 ਅਕਤੂਬਰ 2025


# 42ਵਾਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ 23 ਤੋਂ

## ਨਿਤਿਨ ਕੋਹਲੀ ਅਤੇ ਯਸ਼ਪਾਲ ਕਾਂਤ ਹੋਣਗੇ ਵਿਸ਼ੇਸ਼ ਮਹਿਮਾਨ

ਜਲੰਧਰ, 19 ਅਕਤੂਬਰ (ਡਾ. ਜਤਿੰਦਰ ਸਾਬੀ)-ਦੇਸ਼ ਦੀਆਂ ਨਾਮੀ ਹਾਕੀ ਟੀਮਾਂ ਵਿਚਕਾਰ ਰੋਚਕ ਮੁਕਾਬਲੇ ਨਾਲ ਭਰਪੂਰ 42ਵਾਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ 23 ਅਕਤੂਬਰ ਤੋਂ ਸਥਾਨਕ ਸੁਰਜੀਤ ਹਾਕੀ ਸਟੇਡੀਅਮ ਵਿਚ ਸ਼ੁਰੂ ਹੋ ਰਿਹਾ ਹੈ। ਇਸ ਟੂਰਨਾਮੈਂਟ ਦਾ ਉਦਘਾਟਨ ਮੈਂਬਰ ਪਾਰਲੀਮੈਂਟ (ਰਾਜ ਸਭਾ) ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਫਾਊਂਡਰ ਚਾਂਸਲਰ ਡਾ. ਅਸ਼ੋਕ ਮਿੱਤਲ ਸ਼ਾਮ 6:15 ਵਜੇ ਕਰਨਗੇ। ਇਸ ਟੂਰਨਾਮੈਂਟ ਵਿਚ ਪਿਛਲੇ ਸਾਲ ਦੀ ਚੈਂਪੀਅਨ ਟੀਮ ਇੰਡੀਅਨ ਆਇਲ ਮੁੰਬਈ ਅਤੇ ਉਪ-ਜੇਤੂ ਭਾਰਤ ਪੈਟਰੋਲੀਅਮ, ਮੁੰਬਈ ਸਮੇਤ ਦੇਸ਼ ਦੀਆਂ 12 ਉੱਚ ਕੋਟੀ ਦੀਆਂ ਟੀਮਾਂ ਇਸ ਟੂਰਨਾਮੈਂਟ ਵਿਚ ਆਪਣਾ ਜੌਹਰ ਦਿਖਾਉਣਗੀਆਂ। ਉਦਘਾਟਨੀ ਸਮਾਗਮ 'ਤੇ ਇੰਡੀਅਨ ਆਇਲ ਦੇ ਚੀਫ਼ ਜਨਰਲ ਮੈਨੇਜਰ (ਓਪਰੇਸ਼ਨ) ਯਸ਼ਪਾਲ ਕਾਂਤ ਗੈਸਟ ਆਫ਼ ਆਨਰ ਹੋਣਗੇ, ਜਦਕਿ ਹਾਕੀ ਪੰਜਾਬ ਦੇ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਦੇ ਜਲੰਧਰ (ਸੈਂਟਰਲ) ਵਿਧਾਨ ਸਭਾ ਹਲਕੇ ਦੇ ਇੰਚਾਰਜ ਨਿਤਿਨ ਕੋਹਲੀ ਵਿਸ਼ੇਸ਼ ਮਹਿਮਾਨ ਹੋਣਗੇ। 10 ਦਿਨਾਂ ਤੱਕ ਚੱਲਣ ਵਾਲਾ ਇਹ ਟੂਰਨਾਮੈਂਟ ਫਲੱਡ ਲਾਈਟਾਂ ਹੇਠਾਂ ਹੋਵੇਗਾ ਅਤੇ ਹੋਣ ਹਰ ਰੋਜ਼ ਸ਼ਾਮ 4:30 ਵਜੇ ਤੋਂ ਦੋ-ਦੋ ਮੈਚ ਖੇਡੇ ਜਾਣਗੇ। ਟੂਰਨਾਮੈਂਟ ਨੂੰ ਹੋਰ ਰੋਚਕ ਬਣਾਉਣ ਲਈ 'ਸੁਰਜੀਤ ਹਾਕੀ ਦੇਖੋ-ਆਲਟੋ ਕਾਰ ਜਿੱਤੋ' ਦੇ ਨਾਅਰੇ ਹੇਠ ਦਰਸ਼ਕਾਂ ਵਿਚ ਉਤਸ਼ਾਹ ਪੈਦਾ ਕੀਤਾ ਜਾ ਰਿਹਾ ਹੈ। ਇਸ ਤਹਿਤ ਸਟੇਡੀਅਮ ਦੇ ਐਂਟਰੀ ਗੇਟ 'ਤੇ ਪਹੁੰਚਣ ਵਾਲੇ ਹਰ ਦਰਸ਼ਕ ਨੂੰ ਲਗਾਤਾਰ 10 ਦਿਨ ਤੱਕ ਇੱਕ ਕੂਪਨ ਦਿੱਤਾ ਜਾਵੇਗਾ। ਟੂਰਨਾਮੈਂਟ ਦੇ ਫਾਈਨਲ ਮੈਚ ਤੋਂ ਤੁਰੰਤ ਬਾਅਦ ਇਨ੍ਹਾਂ ਕੂਪਨਾਂ ਵਿਚੋਂ ਇੱਕ ਦਰਸ਼ਕ ਦਾ ਆਲਟੋ ਕਾਰ ਦਾ ਇਨਾਮ ਕਢਿਆ ਜਾਵੇਗਾ। ਇਹ ਕਾਰ ਐਨ.ਆਰ.ਆਈ. ਸਤਨਾਮ ਸਿੰਘ 'ਸੱਤਾ ਭਲਵਾਨ' (ਅਮਰੀਕਾ) ਵੱਲੋਂ ਸਪਾਂਸਰ ਕੀਤੀ ਗਈ ਹੈ। ਇਸ ਤੋਂ ਇਲਾਵਾ ਹੋਰ ਵੀ ਇਨਾਮ ਵੀ ਦਿੱਤੇ ਜਾਣਗੇ।


ਡਾ. ਅਸ਼ੋਕ ਮਿੱਤਲ


ਨਿਤਿਨ ਕੋਹਲੀ

**ਡਾ. ਅਸ਼ੋਕ ਮਿੱਤਲ, ਮੈਂਬਰ ਪਾਰਲੀਮੈਂਟ (ਰਾਜ ਸਭਾ) ਕਰਨਗੇ ਉਦਘਾਟਨ**


ਬੰਦੀ ਛੋੜ ਦਿਵਸ ਮੌਕੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਖੇ ਕੀਤੀ ਗਈ ਦੀਪਮਾਲਾ ਦਾ ਇੱਕ ਮਨਮੋਹਕ ਦ੍ਰਿਸ਼। ਤਸਵੀਰ ਮੁਨੀਸ਼

# 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਵਿਖੇ ਕਰਵਾਇਆ ਵਿਸ਼ੇਸ਼ ਗੁਰਮਤਿ ਸਮਾਗਮ

ਜਲੰਧਰ, 19 ਅਕਤੂਬਰ (ਹਰਵਿੰਦਰ ਸਿੰਘ ਫੁੱਲ)-ਇਤਿਹਾਸਕ ਅਸਥਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ਼ ਵਿਖੇ ਹਿੰਦ ਦੀ ਚਾਦਰ ਨੌਵੇਂ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਨਾਲ ਤਿੰਨ ਸਿੱਖ ਸ਼ਹੀਦਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦਿਹਾੜੇ ਨੂੰ ਸਮਰਪਿਤ ਹਫ਼ਤਾਵਾਰੀ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦੀ ਜਥਾ ਜਲੰਧਰ ਵਲੋਂ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਉਪਰੰਤ ਬੇਅੰਤ ਸਿੰਘ ਸਰਹੱਦੀ ਨੇ ਜਥੇ ਦਾ ਧੰਨਵਾਦ ਕਰਦਿਆਂ ਆਪਣੇ ਵੀਚਾਰ ਸੰਗਤਾਂ ਨਾਲ ਸਾਂਝੇ ਕੀਤੇ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਕਿਰਪਾਲ ਸਿੰਘ ਅਤੇ ਸਰਹੱਦੀ, ਧਾਰਮਿਕ ਕਮੇਟੀ ਦੇ ਚੇਅਰਮੈਨ ਦਵਿੰਦਰ ਸਿੰਘ ਰਹੇਜਾ, ਗੁਰਮੀਤ ਸਿੰਘ, ਬਲਵਿੰਦਰ ਸਿੰਘ ਹੇਅਰ, ਇੰਦਰਪਾਲ ਸਿੰਘ ਅਰੋੜਾ, ਚਰਨਜੀਤ ਸਿੰਘ ਲੁਬਾਣਾ, ਹਰਬੰਸ ਸਿੰਘ, ਗੁਰਜੀਤ ਸਿੰਘ ਪੋਪਲੀ, ਸੁਖਬੀਰ ਸਿੰਘ, ਬਿਸ਼ਨ ਸਿੰਘ ਆਦਿ ਪਤਵੰਤੇ ਸੱਜਣ ਹਾਜ਼ਰ ਸਨ।


ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦੀ ਜਥੇ ਦੇ ਮੈਂਬਰ ਨੂੰ ਸਨਮਾਨਿਤ ਕਰਦੇ ਹੋਏ ਪ੍ਰਧਾਨ ਗੁਰਕਿਰਪਾਲ ਸਿੰਘ। ਤਸਵੀਰ ਮੁਨੀਸ਼


ਬੈਠਕ ਦੌਰਾਨ ਸੁਰਜੀਤ ਸਿੰਘ ਚੀਮਾ, ਜਰਨੈਲ ਸਿੰਘ ਗੜ੍ਹਦੀਵਾਲ, ਅਮਰਜੀਤ ਸਿੰਘ ਕਿਸ਼ਨਪੁਰਾ, ਬੀਬੀ ਹਰਜੀਤ ਕੌਰ ਤਲਵੰਡੀ, ਮਨਿੰਦਰ ਪਾਲ ਸਿੰਘ ਬਿਨਾਕਾ ਤੇ ਹੋਰ ਆਗੂ।

# ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਤੇ ਚੜ੍ਹਦੀਕਲਾ ਹਿੱਤ ਪੰਥਕ ਦਰਦੀਆਂ ਵਲੋਂ ਕਿਸ਼ਨਪੁਰਾ ਦੇ ਗ੍ਰਹਿ ਵਿਖੇ ਬੈਠਕ

ਚੁਗਿੱਟੀ/ਜੰਡੂ ਸਿੰਘਾ, 19 ਅਕਤੂਬਰ (ਨਰਿੰਦਰ ਲਾਗੂ)-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਪ੍ਰਚਾਰ ਪ੍ਰਸਾਰ ਹਿੱਤ ਸਰਗਰਮੀਆਂ ਵਧਾਉਣ ਲਈ ਵਿਚਾਰ ਸਾਂਝੇ ਕਰਨ ਲਈ ਪੰਥਕ ਹਮਦਰਦੀਆਂ ਵਲੋਂ ਇੱਕ ਪ੍ਰਭਾਵਸ਼ਾਲੀ ਬੈਠਕ ਉੱਘੇ ਸਮਾਜ ਸੇਵਕ, ਪੰਥਕ ਹਿਤੈਸ਼ੀ ਤੇ ਪਾਰਟੀ ਦੇ ਸੀਨੀਅਰ ਆਗੂ ਅਮਰਜੀਤ ਸਿੰਘ ਕਿਸ਼ਨਪੁਰਾ ਦੇ ਗ੍ਰਹਿ ਵਿਖੇ ਕੀਤੀ ਗਈ। ਇਸ ਮੌਕੇ ਸੁਰਜੀਤ ਸਿੰਘ ਚੀਮਾ ਸਾਬਕਾ ਮੈਂਬਰ ਧਰਮ ਪ੍ਰਚਾਰ ਕਮੇਟੀ ਦੇ ਨਾਲ-ਨਾਲ ਮਹਿੰਦਰ ਪਾਲ ਸਿੰਘ ਬਿਨਾਕਾ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬੀਬੀ ਹਰਜੀਤ ਕੌਰ ਤਲਵੰਡੀ ਮੈਂਬਰ ਵਰਕਿੰਗ ਕਮੇਟੀ ਸ਼੍ਰੋਮਣੀ ਅਕਾਲੀ ਦਲ ਤੇ ਜਰਨੈਲ ਸਿੰਘ ਗੜ੍ਹਦੀਵਾਲ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਸਮੇਤ ਕਈ ਹੋਰ ਆਗੂਆਂ ਵਲੋਂ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਜਿਥੇ ਸਰਕਲਾਂ ਦੇ ਜਥੇਦਾਰ ਚੁਣਨ ਸਬੰਧੀ ਵਿਚਾਰ ਸਾਂਝੇ ਕੀਤੇ ਗਏ ਉਥੇ ਹੀ ਪੁਲਿਸ ਡਿਵੀਜ਼ਨਾਂ ਦੇ ਇਲਾਕਿਆਂ ਮੁਤਾਬਕ ਸਰਕਲ ਸਥਾਪਿਤ ਕਰਨ ਦੇ ਸੁਝਾਅ ਹਿੱਤ ਵੀ ਹਾਜ਼ਰੀਨ ਵੱਲੋਂ ਹਾਮੀਂ ਭਰੀ ਗਈ। ਇਸ ਮੌਕੇ ਸੁਰਜੀਤ ਸਿੰਘ ਚੀਮਾ ਨੇ ਦੱਸਿਆ ਕਿ ਨਿਰਧਾਰਿਤ ਕੀਤੇ ਗਏ ਪ੍ਰੋਗਰਾਮ ਦੌਰਾਨ ਪਹਿਲੀਆਂ 2 ਬੈਠਕਾਂ ਹਰਪਾਲ ਸਿੰਘ ਦੇ ਸਰਕਲ ਵਿੱਚ ਕੀਤੀਆਂ ਜਾਣਗੀਆਂ। ਇਸੇ ਤਰ੍ਹਾਂ ਅਗਲੀ ਬੈਠਕ ਹਰਵਿੰਦਰ ਸਿੰਘ ਛੁਟਕਾਰਾ ਜੋ ਕਿ ਜਲੰਧਰ ਛਾਉਣੀ ਹਲਕੇ ਨਾਲ ਸਬੰਧਿਤ ਹਨ ਉਨ੍ਹਾਂ ਦੇ ਯਤਨਾਂ ਨਾਲ ਹੋਵੇਗੀ। ਉਨ੍ਹਾਂ ਕਿਹਾ ਇਸ ਤੋਂ ਬਾਅਦ ਤੀਜੀ ਬੈਠਕ ਜਸਵਿੰਦਰ ਸਿੰਘ ਜੱਸਾ ਵਲੋਂ ਜਲੰਧਰ ਨੌਰਥ ਹਲਕੇ ਵਿੱਚ ਕਰਵਾਈ ਜਾਵੇਗੀ। ਬੈਠਕ ਦੌਰਾਨ ਆਪਣੇ ਸੰਬੋਧਨ 'ਚ ਪਾਰਟੀ ਦੇ ਸਰਗਰਮ ਆਗੂ ਅਮਰਜੀਤ ਸਿੰਘ ਕਿਸ਼ਨਪੁਰਾ, ਬੀਬੀ ਹਰਜੀਤ ਕੌਰ ਤਲਵੰਡੀ ਤੇ ਜਰਨੈਲ ਸਿੰਘ ਗੜ੍ਹਦੀਵਾਲ ਨੇ ਕਿਹਾ ਕਿ ਹੁਣ ਸਮਾਂ ਹੈ ਪੂਰੀ ਸਿੱਖ ਕੌਮ ਨੂੰ ਜਾਗਰੂਕ ਕੀਤੇ ਜਾਣ ਦਾ। ਇਸ ਮੌਕੇ ਅਮਰਜੀਤ ਸਿੰਘ ਕਿਸ਼ਨਪੁਰਾ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਉਕਤ ਆਗੂਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਬੈਠਕ ਦੌਰਾਨ ਹੋਰਨਾਂ ਤੋਂ ਇਲਾਵਾ ਭਾਈ ਜਗਜੀਤ ਸਿੰਘ ਗਾਬਾ, ਹਰਪਾਲ ਸਿੰਘ ਗੁਰੂ ਅਮਰਦਾਸ ਕਲੋਨੀ, ਗੁਰਮੁੱਖ ਸਿੰਘ, ਜਸਵਿੰਦਰ ਸਿੰਘ ਡੋਲਫੀਨ, ਜਸਵਿੰਦਰ ਸਿੰਘ ਜੱਸਾ, ਕੁਲਵਿੰਦਰ ਸਿੰਘ ਚੀਮਾ, ਹਰਵਿੰਦਰ ਸਿੰਘ ਚਟਕਾਰਾ, ਸੰਤੋਖ ਸਿੰਘ ਸੈਣੀ, ਜਸਵਿੰਦਰ ਸਿੰਘ, ਮਹੇਸ਼ ਇੰਦਰ ਸਿੰਘ ਧਾਮੀ, ਹਰਿੰਦਰ ਸਿੰਘ ਕਾਹਲੋਂ, ਚਰਨਜੀਤ ਸਿੰਘ ਬਿੱਟਾ, ਹਰਭਜਨ ਸਿੰਘ ਗੁਲਮਾਰਕ, ਸਤਨਾਮ ਸਿੰਘ ਲਾਇਲ, ਤੇਜਵੀਰ ਸਿੰਘ ਬਾਂਸਲ, ਅਰਵਿੰਦਰ ਸਿੰਘ ਬੱਬੂ, ਇੰਦਰ ਸਿੰਘ ਜੰਬਾ ਤੇ ਹਰਭਜਨ ਸਿੰਘ ਆਦਿ ਹਾਜ਼ਰ ਸਨ।

**ਆਗੂਆਂ ਵਲੋਂ ਪਾਰਟੀ ਦੇ ਪ੍ਰਚਾਰ ਪ੍ਰਸਾਰ ਲਈ ਜਾਗਰੂਕ ਹੋਣ ਦਾ ਦਿੱਤਾ ਸੱਦਾ**

# ਦੋਆਬਾ ਖ਼ਾਲਸਾ ਸਕੂਲ ਮਾਰਕੀਟ ਐਸੋਸੀਏਸ਼ਨ ਵਲੋਂ ਸਾਲਾਨਾ ਜਾਗਰਣ 25 ਨੂੰ

ਜਲੰਧਰ, 19 ਅਕਤੂਬਰ (ਹਰਵਿੰਦਰ ਸਿੰਘ ਫੁੱਲ)-ਦੋਆਬਾ ਖ਼ਾਲਸਾ ਸਕੂਲ ਮਾਰਕੀਟ ਐਸੋਸੀਏਸ਼ਨ ਵੱਲੋਂ 27ਵਾਂ ਸਾਲਾਨਾ 'ਮਾਂ ਭਗਵਤੀ ਜਾਗਰਣ' ਲਾਡੋਵਾਲੀ ਰੋਡ ਮਾਰਕੀਟ ਨੇੜੇ ਪ੍ਰੀਤ ਨਗਰ ਰੇਲਵੇ ਫਾਟਕ ਵਿਖੇ 25 ਅਕਤੂਬਰ ਨੂੰ ਬੜੀ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਐਸੋਸੀਏਸ਼ਨ ਵੱਲੋਂ ਮਾਰਕੀਟ 'ਚ ਪੂਰਨ ਮਰਿਆਦਾ ਨਾਲ ਹਵਨ ਯੱਗ ਕਰ ਕੇ ਭੂਮੀ ਪੂਜਨ ਕੀਤਾ ਗਿਆ ਅਤੇ ਨਾਲ ਹੀ ਝੰਡੇ ਦੀ ਰਸਮ ਅਦਾ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਸੈਣੀ ਨੇ ਦੱਸਿਆ ਕਿ ਇਸ ਜਾਗਰਣ ਵਿਚ ਸ਼ਹਿਰ ਦੀਆਂ ਪ੍ਰਸਿੱਧ ਭਜਨ ਮੰਡਲੀਆਂ ਵੱਲੋਂ ਮਾਤਾ ਰਾਣੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ ਅਤੇ ਸਮਾਗਮ ਦੌਰਾਨ ਮਾਤਾ ਰਾਣੀ ਦਾ ਦਰਬਾਰ ਅਤੇ ਸੁੰਦਰ ਝਾਕੀਆਂ ਦਰਸ਼ਨ ਯੋਗ ਹੋਣਗੀਆਂ। ਉਨ੍ਹਾਂ ਦੱਸਿਆ ਕਿ ਜਾਗਰਨ ਦੇ ਮੱਦੇਨਜ਼ਰ ਮਾਰਕੀਟ ਸ਼ਾਮ 5 ਵਜੇ ਤੋਂ ਬਾਅਦ ਬੰਦ ਰਹੇਗੀ ਅਤੇ ਮਾਰਕੀਟ ਨੂੰ ਰੰਗ-ਬਰੰਗੀਆਂ ਲਾਈਟਾਂ ਨਾਲ ਸਜਾਇਆ ਜਾਵੇਗਾ। ਇਸ ਮੌਕੇ ਐਸੋਸੀਏਸ਼ਨ ਦੇ ਚੇਅਰਮੈਨ ਟੀ.ਐਸ. ਰੰਧਾਵਾ, ਪ੍ਰਧਾਨ ਜੋਗਿੰਦਰ ਸਿੰਘ ਸੈਣੀ, ਜਨਰਲ ਸਕੱਤਰ ਸੁਦੇਸ਼ ਗੁਪਤਾ ਅਤੇ ਕੈਸ਼ੀਅਰ ਸੁਮਿਤ ਜਿੰਦਲ, ਪਵਨ ਕੁਮਾਰ, ਕੌਂਸਲਰ ਜਗਜੀਤ ਸਿੰਘ ਜੀਤਾ, ਅੰਕਿਤ ਅਗਰਵਾਲ, ਰਾਕੇਸ਼ ਕਾਲੀਆ, ਮੁਕੇਸ਼ ਕਾਲੀਆ, ਪ੍ਰਜੈ ਸ਼ਰਮਾ, ਸ਼ੈਂਕੀ, ਮਾਸਟਰ ਬਲਦੇਵ, ਸਤੀਸ਼ ਪਰਾਸ਼ਰ, ਸੁਮਿਤ, ਵਿਜੇ ਸੁਮਿਤ ਅਰੋੜਾ, ਸਤਨਾਮ ਸੇਠੀ, ਪੁਨੀਤ ਅਰੋੜਾ ਸਮੇਤ ਹੋਰ ਹਾਜ਼ਰ ਰਹੇ।


ਭੂਮੀ ਪੂਜਣ ਕਰਨ ਸਮੇਂ ਕਰਵਾਏ ਗਏ ਹਵਨ ਯੱਗ 'ਚ ਸ਼ਾਮਿਲ ਪ੍ਰਧਾਨ ਜੋਗਿੰਦਰ ਸਿੰਘ ਸੈਣੀ ਤੇ ਹੋਰ।


ਪ੍ਰਤਾਪਪੁਰਾ ਦਾਣਾ ਮੰਡੀ ਵਿਖੇ ਝੋਨੇ ਦੀ ਖਰੀਦ ਸੰਬੰਧੀ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਹਾਸਿਲ ਕਰਦੇ ਹੋਏ ਬੀ.ਕੇ.ਯੂ. ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਸਿੰਘਪੁਰਾ ਦੋਨਾ, ਪਰਮਿੰਦਰ ਸਿੰਘ ਭਿੰਦਾ, ਸਤਵੰਤ ਸਿੰਘ ਕੋਟਲਾ, ਸੌਦਾਗਰ ਖਾਨ ਤੇ ਹੋਰ। ਅਜੀਤ ਤਸਵੀਰ

# ਝੋਨੇ ਦਾ ਝਾੜ ਘਟਣ 'ਤੇ ਸਰਕਾਰ ਕਿਸਾਨਾਂ ਨੂੰ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਵੇ-ਦੋਨਾ, ਭਿੰਦਾ

ਜਲੰਧਰ, 19 ਅਕਤੂਬਰ (ਜਸਪਾਲ ਸਿੰਘ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਜਸਵੰਤ ਸਿੰਘ ਸਿੰਘਪੁਰ ਦੋਨਾਂ ਦੀ ਅਗਵਾਈ ਹੇਠ ਕਿਸਾਨ ਆਗੂਆਂ ਵਲੋਂ ਅੱਜ ਪ੍ਰਤਾਪਪੁਰਾ ਦਾਣਾ ਮੰਡੀ ਦਾ ਦੌਰਾ ਕਰਕੇ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰੈੱਸ ਸਕੱਤਰ ਪਰਮਿੰਦਰ ਸਿੰਘ ਭਿੰਦਾ ਨੇ ਦੱਸਿਆ ਕਿ ਪ੍ਰਤਾਪਪੁਰਾ ਅਨਾਜ ਮੰਡੀ ਵਿੱਚ ਕਿਸਾਨਾਂ ਦੇ ਨਾਲ ਗੱਲਬਾਤ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮੰਡੀ 'ਚ ਇਲੈਕਟ੍ਰੋਨਿਕ ਕੰਡਾ ਨਾ ਹੋਣ ਕਾਰਨ ਕਿਸਾਨਾਂ ਨੂੰ ਤੁਲਾਈ ਸੰਬੰਧੀ ਕਈ ਤਰ੍ਹਾਂ ਦੇ ਖਦਸ਼ੇ ਹਨ। ਇਸ ਸੰਬੰਧੀ ਮਾਰਕੀਟ ਕਮੇਟੀ ਦੇ ਸਕੱਤਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਲੈਕਟ੍ਰੋਨਿਕ ਕੰਡਾ ਮੰਡੀ ਦੇ ਵਿੱਚ ਹੀ ਹੈ ਪਰ ਮੌਕੇ 'ਤੇ ਮੌਜੂਦ ਕਰਮਚਾਰੀਆਂ ਨੇ ਦੱਸਿਆ ਕਿ ਕੰਡਾ ਪਿਛਲੇ ਕਈ ਦਿਨਾਂ ਤੋਂ ਖਰਾਬ ਹੈ। ਜਿਸ 'ਤੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਸਿੰਘਪੁਰ ਦੋਨਾ ਨੇ ਕੰਡੇ ਨੂੰ ਜਲਦ ਤੋਂ ਜਲਦ ਠੀਕ ਕਰਵਾਉਣ ਲਈ ਕਿਹਾ। ਇਸੇ ਤਰ੍ਹਾਂ ਉਨ੍ਹਾਂ ਮੰਡੀ ਦੇ ਦੌਰੇ ਦੌਰਾਨ ਦੇਖਿਆ ਕਿ ਬਾਥਰੂਮਾਂ ਨੂੰ ਵੀ ਤਾਲੇ ਲੱਗੇ ਹੋਏ ਸਨ, ਜਿਸ 'ਤੇ ਜ਼ਿਲ੍ਹਾ ਪ੍ਰਧਾਨ ਨੇ ਤੁਰੰਤ ਅਧਿਕਾਰੀਆਂ ਨਾਲ ਗੱਲ ਕਰਕੇ ਬਾਥਰੂਮਾਂ ਨੂੰ ਲੱਗੇ ਤਾਲੇ ਖੁੱਲ੍ਹਵਾਏ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਕਿਸਾਨਾਂ ਨੂੰ ਤੁਰੰਤ 200 ਰੁਪਏ ਬੋਨਸ ਦਾ ਐਲਾਨ ਕਰੇ। ਉਨ੍ਹਾਂ ਮੰਗ ਕੀਤੀ ਕਿ ਨਮੀ ਦੀ ਸ਼ਰਤ 17 ਤੋਂ ਵਧਾ ਕੇ 20 ਫੀਸਦੀ ਕੀਤੀ ਜਾਵੇ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਸਤਵੰਤ ਸਿੰਘ ਕੋਟਲਾ, ਬਲਾਕ ਪ੍ਰਧਾਨ ਸੋਦਾਗਰ ਖਾਨ, ਗੁਰਸ਼ਰਨਜੀਤ ਸਿੰਘ ਲੰਬੜਦਾਰ, ਸੁਖਪਾਲ ਸਿੰਘ ਸੰਧੂ ਉਦੋਪੁਰ, ਸ਼ਿਵਰਾਜ ਸਿੰਘ ਸੰਧੂ, ਹਰਵਿੰਦਰ ਸਿੰਘ ਉਦੋਪੁਰ, ਤੋਗਾ ਸਿੰਘ ਧੀਣਾ, ਸੁਖਵਿੰਦਰ ਸਿੰਘ ਲੱਲੀਆਂ ਤੇ ਆਸ-ਪਾਸ ਦੇ ਪਿੰਡਾਂ ਦੇ ਕਿਸਾਨ ਵੀ ਵੱਡੀ ਗਿਣਤੀ 'ਚ ਹਾਜ਼ਰ ਸਨ।

**ਕਿਸਾਨ ਆਗੂਆਂ ਨੇ ਪ੍ਰਤਾਪਪੁਰਾ ਮੰਡੀ 'ਚ ਸੁਣੀਆਂ ਕਿਸਾਨਾਂ ਦੀਆਂ ਮੁਸ਼ਕਿਲਾਂ**

# ਲੋਕ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ-ਢਿੱਲੋਂ

ਜਲੰਧਰ, 19 ਅਕਤੂਬਰ (ਜਸਪਾਲ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਨੇਕ ਸਿੰਘ ਢਿੱਲੋਂ ਸਾਬਕਾ ਪ੍ਰਧਾਨ ਕੋਆਪ੍ਰੇਟਿਵ ਇੰਪਲਾਈਜ਼ ਫੈਡਰੇਸ਼ਨ ਪੰਜਾਬ ਨੇ ਲੋਕਾਂ ਨੂੰ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਸਮੂਹ ਪੰਜਾਬੀਆਂ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਪਟਾਕੇ ਚਲਾਉਣ ਨਾਲ ਵੱਡੀ ਪੱਧਰ 'ਤੇ ਪ੍ਰਦੂਸ਼ਣ ਤੇ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਤੋਂ ਬਚਾਉਣ ਲਈ ਲੋਕਾਂ ਨੂੰ ਗਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ। ਸ. ਢਿੱਲੋਂ ਨੇ ਕਿਹਾ ਕਿ ਲੋਕਾਂ ਨੂੰ ਘੱਟ ਸ਼ੋਰ ਤੇ ਧੂੰਏਂ ਵਾਲੇ ਪਟਾਕਿਆਂ ਦੀ ਵਰਤੋਂ ਕਰਦੇ ਹੋਏ ਜਿੰਨਾ ਹੋ ਸਕੇ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖ਼ੁਸ਼ੀਆਂ ਤੇ ਰੌਸ਼ਨੀਆਂ ਦੇ ਇਸ ਤਿਉਹਾਰ ਨੂੰ ਆਪਸੀ ਪਿਆਰ ਤੇ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ।








ਹਲਕਾ ਜਲੰਧਰ ਛਾਉਣੀ 'ਚ ਪੈਂਦੇ ਗੰਦੇ ਨਾਲੇ ਨਾਲ ਬਣੇ ਵੱਖ-ਵੱਖ ਖ਼ਸਤਾ ਹਾਲਤ ਪੁਲ। ਤਸਵੀਰਾਂ : ਹਰਵਿੰਦਰ ਕੁਮਾਰ

# ਜਮਸ਼ੇਰ ਖਾਸ ਨੂੰ ਡੇਅਰੀ ਕੰਪਲੈਕਸ ਅਤੇ ਹੋਰ ਪਿੰਡਾਂ ਨਾਲ ਜੋੜਦਾ ਨਾਲੇ ਦਾ ਪੁਲ ਦੇ ਰਿਹੈ ਹਾਦਸਿਆਂ ਨੂੰ ਸੱਦਾ

ਜਮਸ਼ੇਰ ਖਾਸ, 19 ਅਕਤੂਬਰ (ਹਰਵਿੰਦਰ ਕੁਮਾਰ)-ਹਲਕਾ ਜਲੰਧਰ ਛਾਉਣੀ ਦੇ ਪੇਂਡੂ ਖੇਤਰਾਂ ਨੂੰ ਜੋੜਦੇ ਗੰਦੇ ਨਾਲੇ ਦੇ ਪੁਲ ਅੱਧੀ ਦਰਜਨ ਤੋਂ ਜਿਆਦਾ ਉਮਰ ਵਹਾ ਚੁੱਕੇ ਇਹ ਪੁਲ ਹਾਦਸਿਆਂ ਨੂੰ ਦੇ ਰਹੇ ਹਨ ਸੱਦਾ। ਜਿਕਰਯੋਗ ਹੈ ਕਿ ਜਲੰਧਰ ਛਾਉਣੀ ਸ਼ਹਿਰ ਦੇ ਨਾਲ ਲੱਗਦੇ ਇਲਾਕੇ ਤੋਂ ਇਲਾਵਾ ਪੇਂਡੂ ਖੇਤਰ ਨੂੰ ਸ਼ਹਿਰ ਨਾਲ ਜੋੜ ਦੇ ਇਹ ਪੁੱਲ ਬਹੁਤ ਜਿਆਦਾ ਖਸਤਾ ਹਾਲਤ ਵਿੱਚ ਹਨ। ਜਮਸ਼ੇਰ ਖਾਸ ਬੱਸ ਸਟੈਂਡ ਤੋਂ ਜਮਸ਼ੇਰ ਡੇਅਰੀ ਕੰਪਲੈਕਸ ਨੇੜੇ ਬਣੇ ਖਸਤਾ ਹਾਲ ਪੁਲ ਉੱਪਰੋਂ ਜਿੱਥੋਂ ਰੋਜ਼ਾਨਾ ਚਾਰਾ ਲੈ ਕੇ ਜਾਂਦੀਆਂ ਟਰਾਲੀਆਂ ਟਰੱਕ ਆਦਿ ਵਾਹਨ ਗੁਜ਼ਰਦੇ ਹਨ ਉੱਥੇ ਹੀ ਇਹ ਪੁੱਲ ਚਿੱਤੇਬਾਣੀ, ਨਾਨਕ ਪਿੰਡੀ ,ਕਾਦੀਆਂ ਵਾਲੀ, ਫੋਲੜੀਵਾਲ ਅਤੇ ਅਰਬਨ ਅਸਟੇਟ ਨੂੰ ਜਾਂਦੀ ਆਵਾਜਾਈ ਵਾਲੀ ਸੜਕ ਉੱਪਰ ਬਣਿਆ ਆਹ ਸੁਰੱਖਿਅਤ ਪੁਲ ਕਿਸੇ ਵੱਡੇ ਹਾਦਸੇ ਨੂੰ ਬੁਲਾਵਾ ਦੇ ਰਿਹਾ ਹੈ। ਇਹ ਪੁਲ ਬੁਰੀ ਤਰ੍ਹਾਂ ਟੁੱਟਿਆ ਭੱਜਿਆ ਹੋਇਆ ਹੈ ਉੱਥੇ ਹੀ ਬਿਨਾਂ ਕਿਸੇ ਸੁਰੱਖਿਆ ਕਿਨਾਰੇ ਜਾਂ ਕੰਧ ਤੋਂ ਸੁੱਖਣਾ ਹੈ। ਆਏ ਦਿਨ ਹੀ ਇਸ ਇਸ ਆਹ ਸੁਰੱਖਿਅਤ ਪੁੱਲ ਤੇ ਕੋਈ ਨਾ ਕੋਈ ਦੁਰਘਟਨਾ ਵਾਪਰਦੀ ਰਹਿੰਦੀ ਹੈ। ਉੱਥੇ ਹੀ ਜਲੰਧਰ ਤੋਂ ਜੰਡਿਆਲਾ ਸੜਕ ਤੇ ਪੈਂਦੇ ਪਿੰਡ ਦੀਵਾਲੀ ਅਤੇ ਕੰਗਣੀਵਾਲ ਵਿਚਕਾਰ ਪੈਂਦੇ ਪੁਲ ਦੀ ਵੀ ਹਾਲਤ ਕਾਫੀ ਖਸਤਾ ਹੈ ਜ਼ਿਕਰਯੋਗ ਹੈ ਕਿ ਬੀਤੇ ਦਿਨੀ ਆਏ ਹੜਾਂ ਕਾਰਨ ਇਹ ਪੁਲ ਇੱਕ ਥਾਂ ਤੋਂ ਬੈਠ ਗਿਆ ਸੀ। ਜਲੰਧਰ ਤੋਂ ਜੰਡਿਆਲੇ ਜਾਣ ਵਾਲੇ ਇਹ ਪੁਲ ਕਾਫੀ ਆਵਾਜਾਈ ਭਰਪੂਰ ਹੈ। ਪਿੰਡ ਜਗਰਾਲ ਤੋਂ ਬਜੂਹਾ ਖੁਰਦ ਵਿਚਕਾਰ ਬਣੇ ਪੁੱਲ ਦੀ ਹਾਲਤ ਬਹੁਤ ਖਸਤਾ ਹੈ।ਜਮਸ਼ੇਰ ਤੋਂ ਭੋਡੇ ਸਪਰਾਏ ਨੇੜੇ ਗੰਦੇ ਨਾਲੇ ਉੱਪਰ ਬਣੇ ਖਸਤਾ ਹਾਲਤ ਪੁਲ ਉਪਰੋਂ ਜਮਸ਼ੇਰ ਬਾਈਪਾਸ ਤੋਂ ਨਕੋਦਰ ਮੋਗਾ ਜਾਣ ਵਾਲਾ ਸਾਰਾ ਟਰੈਫਿਕ ਗੁਜਰਦਾ ਹੈ ।ਇਸੇ ਤਰ੍ਹਾਂ ਭੋਡੇ ਸਪਰਾਏ ਦੀਵਾਲੀ ਨੂੰ ਜੋੜਨ ਵਾਲੀ ਸੰਪਰਕ ਸੜਕ ਉੱਪਰ ਬਣੇ ਤੰਗ ਇਕਹਿਰੀ ਪੁਲ ਦੀ ਹਾਲਤ ਵੀ ਕਾਫੀ ਖਸਤਾ ਹੈ ਜਿਸ ਕਾਰਨ ਇਥੇ ਟਰੈਫਿਕ ਵਿੱਚ ਰੁਕਾਵਟ ਪੈਂਦੀ ਹੈ ਜਿਕਰ ਯੋਗ ਹੈ ਕਿ ਇਹ ਗੰਦੇ ਨਾਲੇ ਉੱਪਰ ਬਣੇ ਇਹਨਾਂ ਸਾਰੇ ਪੁਲਾਂ ਦੀ ਹਾਲਤ ਬਹੁਤ ਤਰਸਯੋਗ ਹੈ ਇਹਨਾਂ ਪੁਲਾਂ ਦੀ ਚੌੜਾਈ ਬਹੁਤ ਹੀ ਘੱਟ ਹੋਣ ਕਾਰਨ ਅਕਸਰ ਇਥੇ ਜਾਮ ਲੱਗਾ ਰਹਿੰਦਾ ਹੈ ਬਿਨਾਂ ਰੇਲਿੰਗ ਵਾਲੇ ਇਹਨਾਂ ਪੁਲਾਂ ਤੋਂ ਅਗਾਂਹ ਆਉਣ ਵਾਲੇ ਧੁੰਦ ਦੇ ਮੌਸਮ ਵਿੱਚ ਕੋਈ ਵੀ ਅਨਹੋਣੀ ਘਟਨਾ ਹੋ ਸਕਦੀ ਹੈ। ਸਰਪੰਚ ਸਤਨਾਮ ਸਿੰਘ ਧਾਰੀਵਾਲ, ਸਰਪੰਚ ਅਮਨਦੀਪ ਕੌਰ , ਸਰਪੰਚ ਬਲਦੀਸ਼ ਕੌਰ, ਸਰਪੰਚ ਕਮਲਜੀਤ ਕੌਰ, ਸਰਪੰਚ ਲਵਪ੍ਰੀਤ ਸਿੰਘ ਸਰਪੰਚ ਸੰਦੀਪ ਕੁਮਾਰ, ਨੰਬਰਦਾਰ ਅਮਰੀਕ ਸਿੰਘ ਦਿਵਾਲੀ ਲੰਬਰਦਾਰ ਇੰਦਰਜੀਤ ਸਿੰਘ ਸ਼ੇਰਗਿਲ ਭੁਪਿੰਦਰ ਸਿੰਘ ਗੋਸਲ ਮਲਕੀਤ ਸਿੰਘ ਲਾਡੀ ਅਤੇ ਹੋਰ ਪਤਵੰਤਿਆਂ ਨੇ ਪ੍ਰਸ਼ਾਸਨ ਨੂੰ ਪ੍ਰਯੋਗ ਮੰਗ ਕੀਤੀ ਹੈ ਕਿ ਇਹਨਾਂ ਟੁੱਟੇ ਪੁਲਾਂ ਨੂੰ ਚੌੜਾ ਕੀਤਾ ਜਾਵੇ ਜਾਂ ਨਵੇਂ ਪੁਲ ਬਣਾਏ ਜਾਣ।

# ਸ਼ਾਹਕੋਟ ਦੇ ਲੋਕ ਪਟਾਕਿਆਂ ਰਹਿਤ 'ਹਰੀ ਦੀਵਾਲੀ' ਮਨਾਉਣ-ਐੱਮ.ਸੀ ਸਵੀਨਾ ਕੁਮਰਾ

## ਹਰ ਪਰਿਵਾਰ ਨੂੰ ਦੀਵਾਲੀ 'ਤੇ ਘੱਟੋ-ਘੱਟ ਇਕ ਪੌਦਾ ਲਗਾਉਣਾ ਦੀ ਅਪੀਲ

ਸ਼ਾਹਕੋਟ, 19 ਅਕਤੂਬਰ (ਦਲਜੀਤ ਸਿੰਘ ਸਚਦੇਵਾ)-ਸ਼ਾਹਕੋਟ ਦੇ ਵਾਰਡ ਨੰਬਰ 5 ਦੀ ਐੱਮ.ਸੀ ਸ਼੍ਰੀਮਤੀ ਸਵੀਨਾ ਕੁਮਰਾ ਤੇ ਉਨ੍ਹਾਂ ਦੇ ਪਤੀ ਟਿੰਪੀ ਕੁਮਰਾ ਸਮਾਜ ਸੇਵਕ ਨੇ ਸ਼ਾਹਕੋਟ ਵਾਸੀਆਂ ਨੂੰ ਵਾਤਾਵਰਨ ਪੱਖੀ 'ਹਰੀ ਦੀਵਾਲੀ' ਮਨਾਉਣ ਦਾ ਸੱਦਾ ਦਿੱਤਾ ਹੈ, ਜਿਸ ਦਾ ਮੁੱਖ ਮਕਸਦ ਵਾਤਾਵਰਨ ਦੀ ਸ਼ੁੱਧਤਾ ਤੇ ਕੁਦਰਤ ਦੀ ਸੰਭਾਲ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਦੀਵਾਲੀ ਤੋਂ ਬਾਅਦ ਹਵਾ ਦੀ ਗੁਣਵੱਤਾ ਖ਼ਤਰਨਾਕ ਪੱਧਰ 'ਤੇ ਪਹੁੰਚ ਜਾਂਦੀ ਹੈ। ਇਹ ਸਿਰਫ਼ ਵਾਤਾਵਰਨ ਦਾ ਮਾਮਲਾ ਨਹੀਂ ਹੈ, ਸਗੋਂ ਇਹ ਸਾਡੇ ਫੇਫੜਿਆਂ, ਦਿਲ ਤੇ ਸਮੁੱਚੀ ਸਿਹਤ ਦਾ ਮਾਮਲਾ ਹੈ। ਪਟਾਕਿਆਂ ਦੇ ਧੂਏਂ ਤੋਂ ਬਜ਼ੁਰਗਾਂ, ਬੱਚਿਆਂ ਤੇ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਸਭ ਤੋਂ ਵੱਧ ਪ੍ਰੇਸ਼ਾਨੀ ਹੁੰਦੀ ਹੈ। ਸ਼੍ਰੀਮਤੀ ਕੁਮਰਾ ਨੇ ਕਿਹਾ ਕਿ ਪਟਾਕਿਆਂ 'ਤੇ ਖਰਚ ਕੀਤੇ ਜਾਣ ਵਾਲੇ ਪੈਸੇ ਨੂੰ ਕਿਸੇ ਸਮਾਜਿਕ ਕਾਰਜ ਲਈ ਵਰਤਿਆ ਜਾ ਸਕਦਾ ਹੈ, ਜਿਵੇਂ ਕਿ ਲੋੜਵੰਦ ਬੱਚਿਆਂ ਨੂੰ ਸਿੱਖਿਆ ਸਮੱਗਰੀ ਦੇਣਾ ਜਾਂ ਕਿਸੇ ਪਿੰਡ ਵਿੱਚ ਰੁੱਖ ਲਗਾਉਣ ਦੀ ਮੁਹਿੰਮ ਚਲਾਉਣਾ। ਉਨ੍ਹਾਂ ਕਿਹਾ ਕਿ ਹਰ ਪਰਿਵਾਰ ਨੂੰ ਇਸ ਦੀਵਾਲੀ 'ਤੇ ਘੱਟੋ-ਘੱਟ ਇਕ ਪੌਦਾ ਲਗਾਉਣਾ ਚਾਹੀਦਾ ਹੈ। ਆਓ ਆਪਾਂ ਸਾਰੇ ਇੱਕ ਅਜਿਹੀ ਦੀਵਾਲੀ, ਜਿੱਥੇ ਖੁਸ਼ੀ ਤਾਂ ਹੋਵੇ, ਪਰ ਪ੍ਰਦੂਸ਼ਣ ਨਾ ਹੋਵੇ।




ਸਵੀਨਾ ਕੁਮਰਾ ਤੇ ਟਿੰਪੀ ਕੁਮਰਾ।

# ਵਾਤਵਾਰਨ ਦੀ ਸੰਭਾਲ ਲਈ ਪ੍ਰਦੂਸ਼ਣ ਮੁਕਤ ਹਰੀ ਦੀਵਾਲੀ ਮਨਾਈ ਜਾਵੇ-ਰਾਮ ਸਿੰਘ ਕੋਹਾੜ

ਸ਼ਾਹਕੋਟ, 19 ਅਕਤੂਬਰ (ਦਲਜੀਤ ਸਿੰਘ ਸਚਦੇਵਾ)-ਪਿੰਡ ਕੋਹਾੜ ਕਲਾਂ (ਸ਼ਾਹਕੋਟ) ਦੇ ਸਮਾਜ ਸੇਵਕ ਤੇ ਪਹਿਲਵਾਨ ਰਾਮ ਸਿੰਘ ਕੋਹਾੜ ਨੇ ਇਲਾਕਾ ਨਿਵਾਸੀਆਂ ਨੂੰ ਪ੍ਰਦੂਸ਼ਣ ਮੁਕਤ ਹਰੀ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੀਵਾਲੀ ਇਕ ਰੌਸ਼ਨੀਆਂ ਤੇ ਖ਼ੁਸ਼ੀਆਂ ਦਾ ਤਿਉਹਾਰ ਹੈ, ਇਹ ਤਿਉਹਾਰ ਸਾਨੂੰ ਲੋੜਵੰਦਾਂ ਦੀ ਮਦਦ ਕਰਕੇ ਮਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੀਵਾਲੀ ਮੌਕੇ ਸਾਨੂੰ ਪਟਾਕੇ ਬਿਲਕੁਲ ਵੀ ਨਹੀਂ ਚਲਾਉਣੇ ਚਾਹੀਦੇ, ਕਿਉਂਕਿ ਪਟਾਕਿਆਂ ਤੋਂ ਨਿਕਲਣ ਵਾਲਾ ਜ਼ਹਿਰੀਲਾ ਧੂੰਆਂ ਸਾਹ ਦੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਲਈ ਬਹੁਤ ਖ਼ਤਰਨਾਕ ਹੈ, ਇਸ ਨਾਲ ਉਨ੍ਹਾਂ ਦੀ ਪ੍ਰਸ਼ਾਨੀ ਹੋਰ ਵੀ ਵੱਧ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਤਿਉਹਾਰ ਮੌਕੇ ਸਾਨੂੰ ਇਕ-ਇਕ ਪੌਦਾ ਲਗਾਉਣ ਦਾ ਸੰਕਲਪ ਲੈਣਾ ਚਾਹੀਦਾ ਹੈ ਤੇ ਆਸ-ਪਾਸ ਰਹਿੰਦੇ ਲੋਕਾਂ ਨੂੰ ਵੀ ਇਸ ਸੰਬੰਧੀ ਜਾਗਰੂਕ ਕਰਨਾ ਚਾਹੀਦਾ ਹੈ। ਹਰ ਇਕ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਤੇ ਦੂਜਿਆਂ ਦੀ ਸਿਹਤ ਨੂੰ ਸੁਰੱਖਿਅਤ ਰੱਖੇ ਤੇ ਬੂਟੇ ਲਗਾ ਕੇ ਹਰੀ ਦੀਵਾਲੀ ਮਨਾਏ।

# ਡਾ. ਅਨੂਪ ਅਬਰੋਲ ਬਾਲ ਸੰਸਾਰ ਕੇਂਦਰ ਵਿਖੇ ਸਮਾਜ ਸੇਵੀ ਜਥੇਬੰਦੀਆਂ ਨੇ ਮਨਾਇਆ ਦੀਵਾਲੀ ਦਾ ਤਿਉਹਾਰ

ਜਲੰਧਰ, 19 ਅਕਤੂਬਰ (ਹਰਵਿੰਦਰ ਸਿੰਘ ਫੁੱਲ)-ਤਾਰਾ ਸਿੰਘ ਨਗਰ ਵਿਖੇ ਸਥਿਤ ਡਾ. ਅਨੂਪ ਅਬਰੋਲ ਬਾਲ ਸੰਸਕਾਰ ਕੇਂਦਰ ਵਿਖੇ ਸਮਾਜ ਸੇਵੀ ਸੰਸਥਾ ਦਿਵਿਆ ਦ੍ਰਿਸ਼ਟੀ ਅਤੇ ਯੂਨਾਈਟਿਡ ਕਵੀਨ ਵੈੱਲਫੇਅਰ ਸੁਸਾਇਟੀ ਵਲੋਂ ਦੀਵਾਲੀ ਦਾ ਤਿਉਹਾਰ ਗ਼ਰੀਬ ਬੱਚਿਆਂ ਨਾਲ ਮਨਾਇਆ ਗਿਆ। ਇਸ ਮੌਕੇ ਕਰਵਾਏ ਵਿਸ਼ੇਸ਼ ਸਮਾਗਮ ਦੌਰਾਨ ਬੱਚਿਆਂ ਨੇ ਦੀਵਾਲੀ ਦੇ ਤਿਉਹਾਰ ਨਾਲ ਸਬੰਧਿਤ ਵੱਖ-ਵੱਖ ਪੇਂਟਿੰਗਾਂ ਬਣਾਈਆਂ ਅਤੇ ਦੀਵਾਲੀ ਨਾਲ ਸੰਬੰਧਿਤ ਕਹਾਣੀਆਂ ਸੁਣਾਈਆਂ। ਭਾਗ ਲੈਣ ਵਾਲੇ ਬੱਚਿਆਂ ਨੂੰ ਇਨਾਮਾਂ ਦੇ ਕੇ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਦੋਨੋਂ ਕਲੱਬ ਦੇ ਸਮੂਹ ਮੈਂਬਰ ਹਾਜ਼ਰ ਸਨ। ਸੰਸਥਾ ਦੇ ਪ੍ਰਧਾਨ ਆਸਥਾ ਅਬਰੋਲ ਨੇ ਉਮੀਦ ਪ੍ਰਗਟ ਕੀਤੀ ਕਿ ਭਵਿੱਖ 'ਚ ਵੀ ਉਨ੍ਹਾਂ ਦਾ ਸੰਸਥਾ ਇਸੇ ਤਰਾਂ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਦੀ ਰਹੇਗੀ। ਅੰਤ 'ਚ ਸਮਾਜ ਸੇਵਕ ਪ੍ਰਵੀਨ ਅਬਰੋਲ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਸਮੂਹ ਮੈਂਬਰਾਂ ਦਾ ਉਨ੍ਹਾਂ ਦੇ ਯੋਗਦਾਨ ਲਈ ਧੰਨਵਾਦ ਕੀਤਾ।



ਡਾ. ਅਨੂਪ ਅਬਰੋਲ ਬਾਲ ਸੰਸਾਰ ਕੇਂਦਰ ਵਿਖੇ ਸਮਾਜ ਸੇਵੀ ਜਥੇਬੰਦੀਆਂ ਵਲੋਂ ਕਰਵਾਏ ਸਮਾਗਮ 'ਚ ਸ਼ਾਮਿਲ ਬੱਚਿਆਂ ਦੇ ਨਾਲ ਪ੍ਰਵੀਨ ਅਬਰੋਲ, ਆਸਥਾ ਅਬਰੋਲ ਤੇ ਹੋਰ। ਅਜੀਤ ਤਸਵੀਰ


ਤਹਿਸੀਲ ਪੱਧਰੀ ਖੇਡਾਂ ਵਿੱਚ ਪ੍ਰਾਇਮਰੀ ਸਕੂਲ ਰਾਣੀ ਭੱਟੀ ਦੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਮੌਕੇ ਸਰਪੰਚ ਮੁਕੇਸ਼ ਚੰਦਰ ਰਾਣੀ ਭੱਟੀ, ਮੁੱਖ ਅਧਿਆਪਕ ਰਣਜੀਤ ਸਿੰਘ, ਵਰਿੰਦਰ ਸਿੰਘ ਤੇ ਹੋਰ। ਤਸਵੀਰ - ਹੁਸਨ ਲਾਲ

# ਪਿੰਡ ਪਚਰੰਗਾ ਵਿਖੇ ਹੋਈਆਂ ਤਹਿਸੀਲ ਪੱਧਰੀ ਖੇਡਾਂ ਵਿੱਚ ਰਾਣੀ ਭੱਟੀ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

ਕਿਸ਼ਨਗੜ੍ਹ 19 ਅਕਤੂਬਰ (ਹੁਸਨ ਲਾਲ)-ਤਹਿਸੀਲ ਜਲੰਧਰ-2 ਦੇ ਚਾਰ ਬਲਾਕ ਆਦਮਪੁਰ, ਅਲਾਵਲਪੁਰ, ਕਰਤਾਰਪੁਰ, ਭੋਗਪੁਰ ਦੀਆਂ ਤਹਿਸੀਲ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਪਿੰਡ ਪਚਰੰਗਾ ਵਿਖੇ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਈਆਂ। ਇਹਨਾਂ ਖੇਡਾਂ ਵਿੱਚ ਪਿਛਲੇ ਸਾਲ ਦੀ ਤਰ੍ਹਾਂ ਹੀ ਬਲਾਕ ਅਲਾਵਲਪੁਰ ਦੇ ਇੱਕ ਛੋਟੇ ਜਿਹੇ ਪਿੰਡ-ਰਾਣੀ ਭੱਟੀ ਦੇ ਬੱਚਿਆਂ ਦਾ ਸ਼ਤਰੰਜ ਅਤੇ ਬੈਡਮਿੰਟਨ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦਬ - ਦਬਾ ਬਰਕਰਾਰ ਰਿਹਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਇੰਚਾਰਜ ਰਣਜੀਤ ਸਿੰਘ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਰਾਣੀ ਭੱਟੀ ਸਕੂਲ ਦੇ 10 ਬੱਚਿਆਂ ਨੇ ਸ਼ਤਰੰਜ ਵਿੱਚ ਗੋਲਡ ਮੈਡਲ ਜਿੱਤਿਆ ਅਤੇ ਤਹਿਸੀਲ ਵਿੱਚ ਪਹਿਲੇ ਨੰਬਰ ਤੇ ਰਹੇ। ਸ਼ਤਰੰਜ ਵਿੱਚ ਲੜਕੀਆਂ ਦੀ ਟੀਮ ਵੀ ਤਹਿਸੀਲ ਵਿੱਚ ਪਹਿਲੇ ਨੰਬਰ ਤੇ ਰਹੀ ਅਤੇ ਲੜਕਿਆਂ ਦੀ ਟੀਮ ਵੀ ਪਹਿਲੇ ਨੰਬਰ ਤੇ ਰਹੀ। ਉਹਨਾਂ ਕਿਹਾ ਕਿ ਪਿਛਲੇ ਸਾਲ ਵੀ ਰਾਣੀ ਭੱਟੀ ਸਕੂਲ ਦੀਆਂ ਸ਼ਤਰੰਜ ਦੀਆਂ ਦੋ ਟੀਮਾਂ ਸਟੇਟ ਲੈਵਲ ਤੱਕ ਖੇਡ ਕੇ ਆਈਆਂ ਹਨ । ਇਸ ਦੇ ਨਾਲ ਹੀ ਬੈਡਮਿੰਟਨ ਵਿੱਚ ਵੀ ਪਿੰਡ ਰਾਣੀ ਭੱਟੀ ਦਾ ਲੜਕਾ ਅੰਮ੍ਰਿਤ ਕੁਮਾਰ ਨੇ ਤਹਿਸੀਲ ਵਿੱਚ ਪਹਿਲੇ ਨੰਬਰ ਤੇ ਰਹਿ ਕੇ ਗੋਲਡ ਮੈਡਲ ਜਿੱਤਿਆ। ਜੇਤੂ ਬੱਚਿਆਂ ਦੇ ਪਿੰਡ ਪਹੁੰਚਣ ਤੇ ਸਰਪੰਚ ਸ਼੍ਰੀ ਮੁਕੇਸ਼ ਚੰਦਰ ਸ਼ਰਮਾ ਆਪਣੀ ਪੂਰੀ ਪੰਚਾਇਤ ਅਤੇ ਨੰਬਰਦਾਰ ਸ਼੍ਰੀ ਬੀਰ ਚੰਦ ਸੁਰੀਲਾ (ਹਲਕਾ ਕੋਆਡੀਨੇਟਰ ਕਰਤਾਰਪੁਰ) ਉਚੇਚੇ ਤੌਰ ਤੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਪਹੁੰਚੇ। ਇਸ ਮੌਕੇ ਸਰਪੰਚ ਮੁਕੇਸ਼ ਚੰਦਰ ਸ਼ਰਮਾ ਨੇ ਕਿਹਾ ਕਿ ਸਕੂਲ ਦੇ ਇੰਚਾਰਜ ਰਣਜੀਤ ਸਿੰਘ ਅਤੇ ਵਰਿੰਦਰ ਸਿੰਘ ਵਲੋਂ ਬੱਚਿਆਂ ਨੂੰ ਕਰਵਾਈ ਗਈ ਮਿਹਨਤ ਸਦਕਾ ਸਾਡਾ ਸਕੂਲ ਪੜ੍ਹਾਈ ਵਿੱਚ ਅਤੇ ਖੇਡਾਂ ਵਿੱਚ ਜ਼ਿਲ੍ਹੇ ਦੇ ਮੋਹਰੀ ਸਕੂਲਾਂ ਵਿੱਚੋਂ ਇੱਕ ਬਣਿਆ ਹੈ। ਉਨ੍ਹਾਂ ਸਕੂਲ ਸਟਾਫ ਨੂੰ ਮੁਬਾਰਕਬਾਦ ਦਿੰਦਿਆਂ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

